# DISTRICT INSTITUTE OF EDUCATION AND TRAINING
## Jagraon (Ludhiana)

# 2025-26

# NEWS LETTER

## ਛਿਮਾਹੀ

# ਸੰਦੇਸ਼



"ਸਿੱਖਿਆ ਉਹ ਜੋਤ ਹੈ ਜੋ ਅੰਧਕਾਰ ਨਹੀਂ, ਮਨੁੱਖਤਾ ਦਾ ਭਵਿੱਖ ਰੌਸ਼ਨ ਕਰਦੀ ਹੈ।"

ਸਿੱਖਿਆ ਸਿਰਫ਼ ਪਾਠ ਪੁਸਤਕਾਂ ਦਾ ਗਿਆਨ ਨਹੀਂ, ਇਹ ਜੀਵਨ ਨੂੰ ਸਮਝਣ ਦੀ ਕਲਾ ਹੈ। ਇਹ ਉਹ ਪ੍ਰਕਾਸ਼ ਹੈ ਜੋ ਅੰਦਰਲੇ ਮਨ ਨੂੰ ਜਗਾਉਂਦਾ ਹੈ, ਸੋਚ ਨੂੰ ਗਹਿਰਾਈ ਦਿੰਦਾ ਹੈ ਅਤੇ ਜੀਵਨ ਨੂੰ ਉਦੇਸ਼ਮਈ ਬਣਾਉਂਦਾ ਹੈ।

ਸਾਡੇ ਡਾਇਟ ਜਗਰਾਉਂ ਪਰਿਵਾਰ ਲਈ ਇਹ ਮਾਣ ਦੀ ਗੱਲ ਹੈ ਕਿ ਅਸੀਂ ਇਹ ਨਿਊਜ਼ਲੇਟਰ ਪੇਸ਼ ਕਰ ਰਹੇ ਹਾਂ — ਇੱਕ ਸਿਰਜਣਾਤਮਕ ਯਾਤਰਾ ਦਾ ਪ੍ਰਤੀਕ, ਜਿੱਥੇ ਹਰ ਲਾਈਨ ਵਿਚ ਗਿਆਨ ਦੀ ਚਮਕ, ਹਰ ਸ਼ਬਦ ਵਿਚ ਪ੍ਰੇਰਣਾ ਤੇ ਹਰ ਪੰਨੇ ਵਿਚ ਸਿੱਖਣ ਦੀ ਖੁਸ਼ਬੂ ਵੱਸਦੀ ਹੈ।

ਇਸ ਮੈਗਜ਼ੀਨ ਰਾਹੀਂ ਅਸੀਂ ਸਿੱਖਿਆ ਨੂੰ ਜੀਵਨ ਨਾਲ ਜੋੜਨ ਦਾ ਯਤਨ ਕਰ ਰਹੇ ਹਾਂ — ਤਾਂ ਜੋ ਸਾਡੇ ਸਿੱਖਿਆਰਥੀ ਸਿਰਫ਼ ਅਧਿਆਪਕ ਹੀ ਨਹੀਂ, ਸੱਚੇ ਪ੍ਰੇਰਕ ਬਣ ਸਕਣ; ਜੋ ਸੋਚਣ ਦੀ ਸਮਰੱਥਾ ਰੱਖਣ, ਸਮਝਣ ਦੀ ਦ੍ਰਿਸ਼ਟੀ ਰੱਖਣ ਅਤੇ ਸਮਾਜ ਵਿੱਚ ਨਵਾਂ ਪ੍ਰਕਾਸ਼ ਲਿਆ ਸਕਣ।

ਸਾਡੀ ਸੰਸਥਾ ਦੀ ਹਰ ਗਤੀਵਿਧੀ — ਚਾਹੇ ਉਹ ਵਰਕਸ਼ਾਪ ਹੋਵੇ, ਕਲਾ ਪ੍ਰਦਰਸ਼ਨੀ ਹੋਵੇ ਜਾਂ ਸਮਾਜਿਕ ਉਪਰਾਲਾ — ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖਿਆ ਸਿਰਫ਼ ਵਿਸ਼ਾ ਨਹੀਂ, ਜੀਵਨ ਦਾ ਸਰੂਪ ਹੈ।

ਇਹ ਨਿਊਜ਼ ਲੈਟਰ ਸਾਡੇ ਸਾਰੇ ਪਰਿਵਾਰ ਦੇ ਸਮਰਪਣ, ਮਿਹਨਤ ਅਤੇ ਸਿਰਜਣਾਤਮਕਤਾ ਦੀ ਅਵਾਜ਼ ਹੈ। ਇਸ ਦਾ ਹਰ ਪੰਨਾ ਇਹ ਸੱਦਾ ਦਿੰਦਾ ਹੈ ਕਿ ਸਿੱਖਣਾ ਰੁਕਣਾ ਨਹੀਂ ਚਾਹੀਦਾ — ਕਿਉਂਕਿ ਸਿੱਖਣ ਤੋਂ ਹੀ ਸਿਰਜਣ ਦਾ ਜਨਮ ਹੁੰਦਾ ਹੈ।

ਸ੍ਰੀ ਪਰਦੀਪ ਕੁਮਾਰ
ਪ੍ਰਿੰਸੀਪਲ, ਡਾਇਟ ਜਗਰਾਉਂ

# No Tobacco Day

ਅੱਜ ਮਿਤੀ 02.06.2025 ਨੂੰ ਟੀਚਰ ਐਜੂਕੇਸ਼ਨ ਅਧੀਨ ਪ੍ਰੋਗਰਾਮ ਐਂਡ ਐਕਟੀਵਿਟੀਜ ਇੰਕਲੂਡਿੰਗ ਫੈਕਲਟੀ ਡਿਵੈਲਪਮੈਂਟ ਆਫ ਟੀਚਰ ਐਜੂਕੇਸ਼ਨ ਸਬੰਧੀ ਡਾਇਟ ਜਗਰਾਉਂ ਵਿਖੇ "No Tobacco day" ਦਿਨ ਮਨਾਇਆ ਗਿਆ ਹੈ। ਇਸ ਸਬੰਧੀ ਵਿਦਿਆਰਥੀਆਂ ਨੂੰ ਚਾਰਟ ਬਣਾਉਣ ਸਬੰਧੀ ਮਟੀਰੀਅਲ ਡਿਸਟਰੀਬਿਊਟ ਕੀਤਾ ਗਿਆ ਅਤੇ ਵਿਦਿਆਰਥੀਆਂ ਤੋਂ ਚਾਰਟ ਬਣਵਾਏ ਗਏ। ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।




"No Tobacco Day" ਤੇ ਵਿਦਿਆਰਥੀਆਂ ਦੁਆਰਾ ਬਣਾਏ ਗਏ ਚਾਰਟ ਦੀ ਪ੍ਰਦਰਸ਼ਨੀ

# World Environment Day

ਅੱਜ ਮਿਤੀ 05.06.2025 ਨੂੰ ਟੀਚਰ ਐਜੂਕੇਸ਼ਨ ਅਧੀਨ ਪ੍ਰੋਗਰਾਮ ਐਂਡ ਐਕਟੀਵਿਟੀਜ ਇੰਕਲੂਡਿੰਗ ਫੈਕਲਟੀ ਡਿਵੈਲਪਮੈਂਟ ਆਫ ਟੀਚਰ ਐਜੂਕੇਸ਼ਨ ਸਬੰਧੀ ਡਾਇਟ ਜਗਰਾਉਂ ਵਿਖੇ "World Environment Day" ਬਣਾਇਆ ਗਿਆ ਹੈ। ਸਮੂਹ ਅਧਿਆਪਕ ਸਾਹਿਬਾਨ ਅਤੇ ਸਿੱਖਿਆਰਥੀਆਂ ਨੇ ਵੱਧ ਚੜ ਕੇ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ। ਵਾਤਾਵਰਣ ਦਿਵਸ ਨੂੰ ਮਨਾਉਂਦਿਆਂ ਸਮੂਹ ਵਿਦਿਆਰਥੀਆਂ ਵੱਲੋਂ ਹੇਠਾਂ ਲਿਖੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ ਗਿਆ।

1. ਪੋਸਟਰ ਮੇਕਿੰਗ :- ਇਸ ਗਤੀਵਿਧੀ ਵਿੱਚ ਡਾਇਟ ਜਗਰਾਉਂ ਦੇ ਵੱਖ-ਵੱਖ ਵਿਦਿਆਰਥੀਆਂ ਨੇ ਵਿਸ਼ਵ ਵਾਤਾਵਰਣ ਦਿਵਸ ਦੇ ਥੀਮ 'ਤੇ ਵੱਖ-ਵੱਖ ਪੋਸਟਰ ਬਣਾਏ। ਇਸ ਗਤੀਵਿਧੀ ਵਿੱਚ ਵਿਦਿਆਰਥੀਆਂ ਨੇ ਵਾਤਾਵਰਣ ਦਿਵਸ ਨਾਲ ਸੰਬੰਧਿਤ ਚਿੱਤਰ, ਸਲੋਗਨ ਅਤੇ ਵਾਤਾਵਰਣ ਸੰਭਾਲ ਨਾਲ ਸਬੰਧਿਤ ਸੰਦੇਸ਼ਾ ਨੂੰ ਪੋਸਟਰਾਂ ਤੇ ਉਤਾਰਿਆ। ਲਗਭਗ 30 ਵਿਦਿਆਰਥੀਆਂ ਨੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਭਾਗ ਲਿਆ।



World Environment Day ਦੇ ਸਬੰਧ ਵਿੱਚ ਵਿਦਿਆਰਥੀਆਂ ਦੁਆਰਾ ਬਣਾਏ ਗਏ ਚਾਰਟ

2. ਭਾਸ਼ਣ ਮੁਕਾਬਲੇ :- ਡਾਇਟ ਜਗਰਾਉਂ ਵਿਖੇ ਮਿਤੀ 5 ਜੂਨ 2025 ਨੂੰ ਵਾਤਾਵਰਣ ਦਿਵਸ ਮਨਾਉਂਦੇ ਹੋਏ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ। ਲਗਭਗ 15 ਵਿਦਿਆਰਥੀਆਂ ਨੇ ਭਾਸ਼ਣ ਮੁਕਾਬਲੇ ਵਿੱਚ ਭਾਗ ਲਿਆ। ਵਿਦਿਆਰਥੀਆਂ ਨੇ ਵਾਤਾਵਰਣ ਦਿਵਸ 'ਤੇ ਵੱਖ-ਵੱਖ ਲੇਖ, ਕਵਿਤਾਵਾਂ ਅਤੇ ਹੋਰ ਰਚਨਾਵਾਂ ਪੇਸ਼ ਕੀਤੀਆਂ।

















3. ਪੌਦੇ ਲਗਾਉਣਾ :- ਵਾਤਾਵਰਣ ਦਿਵਸ ਨੂੰ ਮਨਾਉਂਦਿਆਂ ਵਿਦਿਆਰਥੀਆਂ ਨੂੰ ਰੁੱਖਾਂ ਦੀ ਮਹੱਤਤਾ ਸਮਝਾਉਂਦੇ ਹੋਏ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਦੁਆਰਾ ਲਗਭਗ 12 ਦੇ ਕਰੀਬ ਨਵੇਂ ਪੌਦੇ ਲਗਾਏ ਗਏ। ਵਿਦਿਆਰਥੀਆਂ ਦੁਆਰਾ ਨਵੇਂ ਅਤੇ ਪੁਰਾਣੇ ਪੌਦਿਆਂ ਦੀ ਸੰਭਾਲ ਲਈ ਪ੍ਰਣ ਕੀਤਾ ਗਿਆ। ਸਮੂਹ ਅਧਿਆਪਕਾਂ ਨੇ ਵਿਦਿਆਰਥੀਆਂ ਨਾਲ ਪੌਦੇ ਲਗਾਉਣ ਦੀ ਗਤੀਵਿਧੀ ਵਿੱਚ ਭਾਗ ਲਿਆ।






World Environment Day ਦੇ ਸਬੰਧ ਵਿੱਚ ਵਿਦਿਆਰਥੀ ਅਤੇ ਅਧਿਆਪਕ ਪੌਦੇ ਲਗਾਉਂਦੇ ਹੋਏ

ਸਮੂਹ ਕਮੇਟੀ ਮੈਂਬਰਾਂ ਦੀ ਸਹਿਮਤੀ ਨਾਲ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸਟੇਸ਼ਨਰੀ ਅਤੇ ਰਿਫਰੈਸ਼ਮੈਂਟ ਦਿੱਤੀ ਗਈ। ਸਮੂਹ ਸਟਾਫ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਗਤੀਵਿਧੀ ਨੂੰ ਸਫਲਤਾਪੂਰਵਕ ਪੂਰਾ ਕੀਤਾ ਗਿਆ ਹੈ।

# ਸੁੰਦਰ ਲਿਖਾਈ ਵਰਕਸ਼ਾਪ

ਅੱਜ ਮਿਤੀ 12 ਜੂਨ 2025 ਨੂੰ ਟੀਚਰ ਐਜੂਕੇਸ਼ਨ ਅਧੀਨ ਪ੍ਰੋਗਰਾਮ ਐਂਡ ਐਕਟੀਵਿਟੀਜ ਇੰਕਲੂਡਿੰਗ ਫੈਕਲਟੀ ਡਿਵੈਲਪਮੈਂਟ ਆਫ ਟੀਚਰ ਐਜੂਕੇਸ਼ਨ ਸਬੰਧੀ ਡਾਇਟ ਜਗਰਾਉਂ ਵਿਖੇ ਸੁੰਦਰ ਲਿਖਾਈ ਸਬੰਧੀ ਵਰਕਸ਼ਾਪ ਲਗਾਈ ਗਈ। ਇਸ ਵਰਕਸ਼ਾਪ ਲਈ ਸ਼੍ਰੀਮਤੀ ਸੀਮਾ ਰਾਣੀ ਅਤੇ ਸ਼੍ਰੀ ਸੁਸ਼ੀਲ ਕੁਮਾਰ ਨੇ ਬਤੌਰ ਰਿਸੋਰਸ ਪਰਸਨ ਭੂਮਿਕਾ ਨਿਭਾਈ। ਸਮੂਹ ਅਧਿਆਪਕ ਸਾਹਿਬਾਨ ਅਤੇ ਸਿਖਿਆਰਥੀਆਂ ਨੇ ਵਰਕਸ਼ਾਪ ਵਿੱਚ ਹਿੱਸਾ ਲਿਆ। ਵਰਕਸ਼ਾਪ ਵਿੱਚ ਹਿੱਸਾ ਲੈਂਦੇ ਹੋਏ ਸਿੱਖਿਆਰਥੀਆਂ ਨੇ ਸੁੰਦਰ ਲਿਖਾਈ ਲਿਖਣ ਦੇ ਗੁਰ ਸਿੱਖੇ। ਸਮੂਹ ਕਮੇਟੀ ਮੈਂਬਰਾਂ ਦੀ ਸਹਿਮਤੀ ਨਾਲ ਵਿਦਿਆਰਥੀਆਂ ਨੂੰ ਸਟੇਸ਼ਨਰੀ ਅਤੇ ਰਿਫਰੈਸ਼ਮੈਂਟ ਦਿੱਤੀ ਗਈ। ਗਤੀਵਿਧੀ ਵਿੱਚ ਭਾਗ ਲੈਂਦਿਆਂ ਵਿਦਿਆਰਥੀਆਂ ਨੇ ਭਰਪੂਰ ਆਨੰਦ ਮਾਣਿਆ।




ਮੈਡਮ ਸ਼੍ਰੀਮਤੀ ਸੀਮਾ ਰਾਣੀ ਸੁੰਦਰ ਲਿਖਾਈ ਸੰਬੰਧੀ ਵਰਕਸ਼ਾਪ ਲਗਾਉਂਦੇ ਹੋਏ



ਸੈਸ਼ਨ 2023-25 ਦੇ ਵਿਦਿਆਰਥੀ ਸੁੰਦਰ ਲਿਖਾਈ ਸਬੰਧੀ ਵਰਕਸ਼ਾਪ ਲਗਾਉਂਦੇ ਹੋਏ।

# ਕਵਿਤਾ ਉਚਾਰਣ ਮੁਕਾਬਲਾ

ਅੱਜ ਮਿਤੀ 13 ਜੂਨ 2025 ਨੂੰ ਟੀਚਰ ਐਜੂਕੇਸ਼ਨ ਅਧੀਨ ਪ੍ਰੋਗਰਾਮ ਐਂਡ ਐਕਟੀਵਿਟੀਜ ਇੰਕਲੂਡਿੰਗ ਫੈਕਲਟੀ ਡਿਵੈਲਪਮੈਂਟ ਆਫ ਟੀਚਰ ਐਜੂਕੇਸ਼ਨ ਅਧੀਨ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਡਾਇਟ ਜਗਰਾਉਂ ਜ਼ਿਲ੍ਹਾ ਲੁਧਿਆਣਾ ਵਿਖੇ "ਕਵਿਤਾ ਉਚਾਰਣ" ਮੁਕਾਬਲਾ ਕਰਵਾਇਆ ਗਿਆ। ਇਸ ਕਵਿਤਾ ਉਚਾਰਣ ਮੁਕਾਬਲੇ ਵਿੱਚ ਸਿੱਖਿਆਰਥੀਆਂ ਨੂੰ ਤਿੰਨ ਥੀਮ (ਮਾਨਵਤਾ, ਸੱਚ ਅਤੇ ਝੂਠ ਅਤੇ ਆਤਮ ਸਮੀਖਿਆ) ਦਿੱਤੇ ਗਏ। ਵਿਦਿਆਰਥੀਆਂ ਵੱਲੋਂ ਵੱਧ ਚੜ੍ਹ ਕੇ ਇਸ ਗਤੀਵਿਧੀ ਵਿੱਚ ਭਾਗ ਲਿਆ ਗਿਆ। ਵਿਦਿਆਰਥੀਆਂ ਵੱਲੋਂ ਆਪਣੀਆਂ ਲਿਖੀਆਂ ਹੋਈਆਂ ਕਵਿਤਾਵਾਂ ਦੀ ਵੀ ਪੇਸ਼ਕਾਰੀ ਕੀਤੀ ਗਈ। ਕਮੇਟੀ ਮੈਂਬਰਾਂ ਦੀ ਸਹਿਮਤੀ ਨਾਲ ਇਸ ਕਵਿਤਾ ਮੁਕਾਬਲੇ ਵਿੱਚ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇੱਕ ਕਿਤਾਬ 'ਤੁਸੀਂ ਜਿੱਤ ਸਕਦੇ ਹੋ' - ਲੇਖਕ ਸ਼ਿਵ ਖੇੜਾ ਇਨਾਮ ਦੇ ਤੌਰ ਤੇ ਹੌਂਸਲਾ ਵਧਾਉਣ ਲਈ ਦਿੱਤੀ ਗਈ। ਇਸ ਤੋਂ ਇਲਾਵਾ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਰਜਿਸਟਰ ਤੇ ਪੈੱਨ ਹੌਂਸਲਾ ਅਫਜ਼ਾਈ ਕਰਨ ਲਈ ਦਿੱਤੇ ਗਏ। ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਵਿਦਿਆਰਥੀਆਂ ਅਤੇ ਸਮੂਹ ਡਾਇਟ ਫੈਕਲਟੀ ਮੈਂਬਰਾਂ ਨੇ "ਕਵਿਤਾ ਉਚਾਰਣ" ਮੁਕਾਬਲੇ ਵਿੱਚ ਭਾਗ ਲੈਂਦਿਆਂ ਖੂਬ ਆਨੰਦ ਮਾਣਿਆ। ਗਤੀਵਿਧੀ ਆਪਣੇ ਉਦੇਸ਼ ਨੂੰ ਪੂਰਾ ਕਰਦੀ ਹੋਈ ਸੰਪੂਰਨ ਹੋਈ।



ਕਵਿਤਾ ਉਚਾਰਣ ਮੁਕਾਬਲੇ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਇਨਾਮ ਪ੍ਰਾਪਤ ਕਰਦੇ ਹੋਏ




ਕਵਿਤਾ ਮੁਕਾਬਲੇ ਵਿੱਚ ਭਾਗ ਲੈਂਦੇ ਹੋਏ ਸੈਸ਼ਨ 2023-25 ਦੇ ਸਿੱਖਿਆਰਥੀ



ਕਵਿਤਾ ਮੁਕਾਬਲੇ ਨੂੰ ਸੰਬੋਧਨ ਕਰਦੇ ਹੋਏ ਡਾਇਟ ਇੰਚਾਰਜ ਸ. ਕੰਵਰ ਰਣਦੀਪ ਸਿੰਘ ਅਤੇ ਡਾਇਟ ਫੈਕਲਟੀ ਮੈਂਬਰ ਸ. ਅਮਨਦੀਪ ਸਿੰਘ

# ਨਿਊਜ਼ ਲੈਟਰ ਰਿਲੀਜ਼

ਅੱਜ ਮਿਤੀ 16 ਜੂਨ 2025 ਨੂੰ ਡਾਇਟ ਇੰਚਾਰਜ ਲੈਕਚਰਾਰ ਸਰਦਾਰ ਕੰਵਰ ਰਣਦੀਪ ਸਿੰਘ ਅਤੇ ਸਮੂਹ ਡਾਇਟ ਫੈਕਲਟੀ ਅਤੇ ਵਿਦਿਆਰਥੀਆਂ ਵੱਲੋਂ ਡਾਇਟ ਵਿੱਚ ਮਈ ਤੇ ਜੂਨ 2025 ਵਿੱਚ ਹੋਈਆਂ ਗਤੀਵਿਧੀਆਂ ਨੂੰ ਦਰਸਾਉਂਦਾ ਨਿਊਜ਼ ਲੈਟਰ ਰਿਲੀਜ਼ ਕੀਤਾ ਗਿਆ। ਨਿਊਜ਼ ਲੈਟਰ ਵਿੱਚ ਮਈ ਅਤੇ ਜੂਨ 2025 ਦੀਆਂ ਸਮੂਹ ਗਤੀਵਿਧੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਸਮੂਹ ਕਮੇਟੀ ਮੈਂਬਰਾਂ ਦੀ ਸਹਿਮਤੀ ਨਾਲ ਵਿਦਿਆਰਥੀਆਂ ਨੂੰ ਨਿਊਜ਼ ਲੈਟਰ ਦੀ ਕਾਪੀ ਦਿੱਤੀ ਗਈ।





ਮਈ 2025 ਅਤੇ ਜੂਨ 2025 ਦੀਆਂ ਗਤੀਵਿਧੀਆਂ ਸਬੰਧੀ ਨਿਊਜ਼ ਲੈਟਰ ਰਿਲੀਜ਼ ਕਰਦੇ ਹੋਏ ਸਮੂਹ ਡਾਇਟ ਫੈਕਲਟੀ ਅਤੇ ਸੈਸ਼ਨ 2023-25 ਦੇ ਸਿੱਖਿਆਰਥੀ

# ਯੁੱਧ ਨਸ਼ਿਆਂ ਵਿਰੁੱਧ

ਅੱਜ ਮਿਤੀ 16 ਜੂਨ 2025 ਨੂੰ ਡਾਇਟ ਜਗਰਾਉਂ ਜ਼ਿਲ੍ਹਾ ਲੁਧਿਆਣਾ ਵਿਖੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਤਹਿਤ ਨਸ਼ਿਆਂ ਵਿਰੁੱਧ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ  ਹਲਕਾ ਜਗਰਾਉਂ ਦੇ ਕੋਆਰਡੀਨੇਟਰ ਵਿਕਰਮਜੀਤ ਸਿੰਘ ਥਿੰਦ, ਜ਼ਿਲ੍ਹਾ ਕੋਆਰਡੀਨੇਟਰ ਮਨਜੀਤ ਸਿੰਘ ਰਾਏਕੋਟ ਉਚੇਚੇ ਤੌਰ 'ਤੇ ਹਾਜ਼ਰ ਹੋਏ। ਇਸ ਤੋਂ ਇਲਾਵਾ ਸਮੂਹ ਡਾਇਟ ਅਧਿਆਪਕ ਅਤੇ ਵਿਦਿਆਰਥੀਆਂ ਨੇ ਇਸ ਸੈਮੀਨਾਰ ਵਿੱਚ ਵੱਧ ਚੜ੍ਹ ਕੇ ਭਾਗ ਲਿਆ। ਇਸ ਮੌਕੇ ਜਿੱਥੇ ਮਨਜੀਤ ਸਿੰਘ ਰਾਏਕੋਟ ਅਤੇ ਵਿਕਰਮਜੀਤ ਸਿੰਘ ਥਿੰਦ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ, ਉੱਥੇ ਡਾਇਟ ਜਗਰਾਉਂ ਦੇ ਵਿਦਿਆਰਥੀਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸੈਮੀਨਾਰ ਦੇ ਅੰਤ 'ਤੇ ਡਾਇਟ ਜਗਰਾਉਂ ਦੇ ਇੰਚਾਰਜ ਲੈਕਚਰਾਰ ਸ. ਕੰਵਰ ਰਣਦੀਪ ਸਿੰਘ ਅਤੇ ਲੈਕਚਰਾਰ ਸ. ਮਨੋਹਰ ਸਿੰਘ ਵੱਲੋਂ "ਯੁੱਧ ਨਸ਼ਾ ਵਿਰੁੱਧ" ਦੀ ਪੂਰੀ ਟੀਮ ਦਾ ਧੰਨਵਾਦ ਕੀਤਾ ਗਿਆ ਹੈ। ਸਮੂਹ ਕਮੇਟੀ ਮੈਂਬਰਾਂ ਦੀ ਸਹਿਮਤੀ ਨਾਲ ਸੈਮੀਨਾਰ ਤੋਂ ਬਾਅਦ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ ਹੈ।




ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਜਗਰਾਉਂ ਵਿਖੇ ਹਲਕਾ ਕੋਆਰਡੀਨੇਟਰ ਜਗਰਾਉਂ ਸ. ਵਿਕਰਮਜੀਤ ਸਿੰਘ ਥਿੰਦ ਜੀ "ਯੁੱਧ ਨਸ਼ਿਆਂ ਵਿਰੁੱਧ" ਸਬੰਧੀ ਸੈਸ਼ਨ 2023-25 ਦੇ ਸਿੱਖਿਆਰਥੀਆਂ ਨੂੰ ਜਾਗਰੂਕ ਕਰਦੇ ਹੋਏ




ਹਲਕਾ ਜਗਰਾਉਂ ਕੋਆਰਡੀਨੇਟਰ "ਯੁੱਧ ਨਸ਼ਿਆਂ ਵਿਰੁੱਧ" ਸ. ਵਿਕਰਮਜੀਤ ਸਿੰਘ ਥਿੰਦ ਨੂੰ ਸਨਮਾਨਿਤ ਕਰਦੇ ਹੋਏ ਸੈਸ਼ਨ 2023-25 ਦੇ ਸਿੱਖਿਆਰਥੀ




"ਯੁੱਧ ਨਸ਼ਿਆਂ ਵਿਰੁੱਧ" ਸੈਮੀਨਾਰ ਵਿੱਚ ਭਾਗ ਲੈਂਦੇ ਹੋਏ 2023-25 ਸੈਸ਼ਨ ਦੇ ਸਿੱਖਿਆਰਥੀ।

# ਸਕਾਰਾਤਮਕ ਸੋਚ ਨਾਲ ਉਜਲਾ ਭਵਿੱਖ

ਅੱਜ ਮਿਤੀ 17 ਜੂਨ 2025 ਨੂੰ ਟੀਚਰ ਐਜੂਕੇਸ਼ਨ ਅਧੀਨ ਪ੍ਰੋਗਰਾਮ ਐਂਡ ਐਕਟੀਵਿਟੀਜ ਇੰਕਲੂਡਿੰਗ ਫੈਕਲਟੀ ਡਿਵੈਲਪਮੈਂਟ ਆਫ ਟੀਚਰ ਐਜੂਕੇਸ਼ਨ ਸਬੰਧੀ ਡਾਇਟ ਜਗਰਾਉਂ ਵਿਖੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਕਰਵਾਉਣ ਹਿੱਤ ਗੁਰਸਾਹਿਬ ਸਿੰਘ ਜੀ ਦੁਆਰਾ ਵਿਜ਼ਿਟ ਕੀਤੀ ਗਈ। ਗੁਰਸਾਹਿਬ ਸਿੰਘ ਜੀ ਟੀਮ 1699 ਦੇ ਫਾਉਂਡਰ ਮੈਂਬਰ ਰਹੇ ਅਤੇ ਖਾਲਸਾ ਏਡ ਦੇ ਵੀ ਮੈਂਬਰ ਰਹੇ। ਇਸ ਤੋਂ ਇਲਾਵਾ ਸ.ਗੁਰਸਾਹਿਬ ਸਿੰਘ ਜੀ ਗਰੇਟ ਇੰਡੀਆ ਮਸ਼ੀਨ ਟੂਲਸ (ਜੀ.ਐੱਮ.ਟੀ.), ਨਟਸ ਬੋਲਟਸ ਐਂਡ ਸਟਡ ਮਨੋਫੈਕਚਰਿੰਗ ਦੇ ਮੈਨੇਜਿੰਗ ਡਾਇਰੈਕਟਰ ਹਨ। ਗੁਰਸਾਹਿਬ ਸਿੰਘ ਜੀ ਦੁਆਰਾ ਵਿਦਿਆਰਥੀਆਂ ਨੂੰ ਪੜ੍ਹਾਈ ਪ੍ਰਤੀ ਪ੍ਰੇਰਿਤ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਪੋਜੀਟਿਵ ਸੋਚ ਲਈ ਪ੍ਰੇਰਿਤ ਕੀਤਾ ਗਿਆ। ਸਮੂਹ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਇਸ ਸੈਮੀਨਾਰ ਦਾ ਭਰਪੂਰ ਆਨੰਦ ਮਾਣਿਆ। ਸੈਮੀਨਾਰ ਆਪਣੇ ਉਦੇਸ਼ ਨੂੰ ਪੂਰਾ ਕਰਦੇ ਹੋਏ ਸੰਪੰਨ ਹੋਇਆ। ਸੈਮੀਨਾਰ ਦੇ ਅੰਤ ਵਿੱਚ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।



ਖਾਲਸਾ ਏਡ ਸੰਸਥਾ ਅਤੇ ਟੀਮ 1699 ਦੇ ਮੈਂਬਰ ਸ. ਗੁਰਸਾਹਿਬ ਸਿੰਘ ਜੀ ਸੈਸ਼ਨ 2023-25 ਦੇ ਸਿਖਿਆਰਥੀਆਂ ਨਾਲ ਫੋਟੋ ਖਿਚਾਉਂਦੇ ਹੋਏ

# ਇੰਟਰਨੈਸ਼ਨਲ ਯੋਗਾ ਦਿਵਸ

ਅੱਜ ਮਿਤੀ 20 ਜੂਨ 2025 ਨੂੰ ਡਾਇਟ ਜਗਰਾਉਂ ਜ਼ਿਲ੍ਹਾ ਲੁਧਿਆਣਾ ਵਿਖੇ ਇੰਟਰਨੈਸ਼ਨਲ ਯੋਗਾ ਡੇ ਮਨਾਇਆ ਗਿਆ। ਯੋਗਾ ਡੇ ਮਨਾਉਂਦਿਆਂ ਡਾਇਟ ਇੰਚਾਰਜ ਸ. ਕੰਵਰ ਰਣਦੀਪ ਸਿੰਘ ਜੀ ਨੇ ਵਿਦਿਆਰਥੀਆਂ ਨੂੰ ਯੋਗਾ ਦੀ ਸਾਡੀ ਜ਼ਿੰਦਗੀ ਵਿੱਚ ਮਹੱਤਤਾ ਤੋਂ ਜਾਣੂ ਕਰਵਾਇਆ। ਵਿਦਿਆਰਥੀਆਂ ਦੁਆਰਾ ਯੋਗਾ ਡੇ ਦੀ ਮਹੱਤਤਾ ਤੋਂ ਜਾਣੂ ਕਰਵਾਉਂਦਿਆਂ ਵੱਖ-ਵੱਖ ਚਾਰਟ ਬਣਾਏ ਗਏ ਹਨ। ਵਿਦਿਆਰਥੀਆਂ ਦੁਆਰਾ ਬਣਾਏ ਗਏ ਚਾਰਟਾਂ ਵਿੱਚ ਤਿੰਨ ਬੈਸਟ ਚਾਰਟ ਚੁਣੇ ਗਏ ਅਤੇ ਇਹਨਾਂ ਵਿਦਿਆਰਥੀਆਂ ਨੂੰ ਇਨਾਮ ਵਜੋਂ ਰਜਿਸਟਰ ਤੇ ਪੈੱਨ ਦਿੱਤੇ ਗਏ। ਇਸ ਤੋਂ ਬਾਅਦ ਡਾਇਟ ਲੈਕਚਰਾਰ ਸ੍ਰੀਮਤੀ ਪਰਮਜੀਤ ਕੌਰ ਅਤੇ ਸ੍ਰੀ ਰਾਜਨ ਬਾਸਲ ਜੀ ਦੁਆਰਾ ਵਿਦਿਆਰਥੀਆਂ ਨੂੰ ਯੋਗਾ ਕਰਵਾਇਆ ਗਿਆ। ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਯੋਗਾ ਕੀਤਾ ਅਤੇ ਇਸ ਗਤੀਵਿਧੀ ਦਾ ਭਰਪੂਰ ਆਨੰਦ ਮਾਣਿਆ। ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਆਸਣ ਕਰਵਾਏ ਗਏ। ਯੋਗਾ ਦਿਵਸ ਮਨਾਉਣ ਤੋਂ ਬਾਅਦ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।

## ਚਾਰਟ ਮੇਕਿੰਗ ਮੁਕਾਬਲਾ (ਅੰਤਰਰਾਸ਼ਟਰੀ ਯੋਗ ਦਿਵਸ)

ਮਿਤੀ 20 ਜੂਨ 2025 ਨੂੰ ਡਾਇਟ ਜਗਰਾਉਂ ਵਿਖੇ ਮਨਾਏ ਗਏ ਅੰਤਰਰਾਸ਼ਟਰੀ ਯੋਗ ਦਿਵਸ ਵਿੱਚ ਵਿਦਿਆਰਥੀਆਂ ਨੇ ਚਾਰਟ ਮੇਕਿੰਗ ਮੁਕਾਬਲੇ ਵਿੱਚ ਭਾਗ ਲਿਆ। ਵਿਦਿਆਰਥੀਆਂ ਦੁਆਰਾ ਬਣਾਏ ਗਏ ਚਾਰਟਾਂ ਵਿੱਚ ਤਿੰਨ ਬੈਸਟ ਚਾਰਟ ਕੱਢੇ ਗਏ ਤੇ ਉਹਨਾਂ ਨੂੰ ਪਹਿਲੀ,ਦੂਜੀ ਅਤੇ ਤੀਜੀ ਪੁਜੀਸ਼ਨ ਅਲਾਟ ਕੀਤੀ ਗਈ। ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਇਨਾਮ ਦਿੱਤੇ ਗਏ।



ਵਿਦਿਆਰਥੀ ਯੋਗ ਕਿਰਿਆਵਾਂ ਦਾ ਅਭਿਆਸ ਕਰਦੇ ਹੋਏ




ਸੈਸ਼ਨ 2023-25 ਦੇ ਸਿਖਿਆਰਥੀ ਯੋਗ ਕਿਰਿਆਵਾਂ ਕਰਦੇ ਹੋਏ

# (ਈ -ਪਲੈਜ) ਯੁੱਧ ਨਸ਼ਿਆਂ ਵਿਰੁੱਧ 'ਸੇ ਯਸ ਟੂ ਲਾਈਫ ਨੋ ਟੂ ਡਰਗਸ'

ਅੱਜ ਮਿਤੀ 27 ਜੂਨ 2025 ਨੂੰ ਡਾਇਰੈਕਟਰ ਐਸ.ਸੀ.ਈ.ਆਰ.ਟੀ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਏ ਜਾ ਰਹੇ ਪ੍ਰੋਗਰਾਮ (ਯੁੱਧ ਨਸ਼ਿਆਂ ਵਿਰੁੱਧ) ਤਹਿਤ ਸਮੂਹ ਡਾਇਟ ਫੈਕਲਟੀ ਅਤੇ ਸਿਖਿਆਰਥੀਆਂ ਵੱਲੋਂ ਈ-ਪਲੈਜ ਲਈ ਗਈ ਹੈ। ਈ-ਪਲੈਜ ਦੌਰਾਨ ਅਧਿਆਪਕਾਂ ਅਤੇ ਸਿਖਿਆਰਥੀਆਂ ਵੱਲੋਂ ਸਰਕਾਰ ਦੁਆਰਾ ਚਲਾਈ ਜਾ ਰਹੀ ਮੁਹਿੰਮ ਵਿੱਚ ਹਰ ਸੰਭਵ ਯੋਗਦਾਨ ਦੇਣ ਦਾ ਪ੍ਰਣ ਕੀਤਾ ਗਿਆ। ਡਾਇਟ ਇੰਚਾਰਜ ਸ. ਕੰਵਰ ਰਣਦੀਪ ਸਿੰਘ ਜੀ ਦੁਆਰਾ ਸਿਖਿਆਰਥੀਆਂ ਨੂੰ ਜਾਗਰੂਕ ਕਰਦੇ ਹੋਏ ਉਹਨਾਂ ਨੂੰ ਆਪਣੇ ਪਿੰਡ, ਗਲੀ ਅਤੇ ਮੁਹੱਲੇ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ। ਸਮੂਹ ਅਧਿਆਪਕਾਂ ਅਤੇ ਸਿਖਿਆਰਥੀਆਂ ਦੁਆਰਾ ਨਸ਼ਿਆਂ ਵਿਰੁੱਧ ਪੂਰਨ ਸਹਿਯੋਗ ਦੇਣ ਦਾ ਪ੍ਰਣ ਕੀਤਾ।



'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਮੂਹ ਡਾਇਟ ਫੈਕਲਟੀ ਮੈਂਬਰ ਅਤੇ ਸੈਸ਼ਨ 2023-25 ਦੇ ਸਿਖਿਆਰਥੀ ਈ- ਪਲੈਜ ਲੈਂਦੇ ਹੋਏ

# ਕਾਵਿ-ਸੰਗ੍ਰਹਿ - "ਮੇਰੀ ਕਲਮ ਮੇਰੀ ਦਾਸਤਾਨ" ਰਿਲੀਜ਼

ਮਿਤੀ 1 ਜੁਲਾਈ 2025 ਨੂੰ ਡਾਇਟ ਜਗਰਾਉਂ ਵਿਖੇ ਪ੍ਰਿੰਸੀਪਲ ਕਮ ਡੀ.ਡੀ.ਓ ਡਾ. ਪ੍ਰਦੀਪ ਕੁਮਾਰ ਸ਼ਰਮਾ ਜੀ ਅਤੇ ਸਮੂਹ ਡਾਇਟ ਸਟਾਫ ਵੱਲੋਂ ਡਾਇਟ ਸਿਖਿਆਰਥੀਆਂ ਦੀਆਂ ਹੱਥ ਲਿਖਤ ਕਵਿਤਾਵਾਂ ਦਾ ਕਾਵਿ ਸੰਗ੍ਰਹਿ ਕਿਤਾਬ ਦੇ ਰੂਪ ਵਿੱਚ "ਮੇਰੀ ਕਲਮ ਮੇਰੀ ਦਾਸਤਾਨ" ਰਿਲੀਜ਼ ਕੀਤਾ ਗਿਆ। ਡਾਇਟ ਫੈਕਲਟੀ ਮੈਂਬਰ ਸ. ਅਮਨਦੀਪ ਸਿੰਘ ਜੀ ਦੀ ਰਹਿਨੁਮਾਈ ਹੇਠ ਲਗਭਗ ਪੰਦਰਾਂ ਦਿਨਾਂ ਤੋਂ ਸਿਖਿਆਰਥੀਆਂ ਨੂੰ ਕਵਿਤਾਵਾਂ ਲਿਖਣ ਲਈ ਪ੍ਰੇਰਿਤ ਕਰਨ ਦੇ ਸੰਬੰਧ ਵਿੱਚ ਐਕਸ਼ਨ ਰਿਸਰਚ ਕੀਤੀ ਗਈ ਸੀ। ਸਿਖਿਆਰਥੀਆਂ ਦੁਆਰਾ ਆਪਣੀਆਂ ਕਵਿਤਾਵਾਂ ਲਿਖੀਆਂ ਗਈਆਂ। ਸੋਧ ਕਰਨ ਉਪਰੰਤ ਸ. ਅਮਨਦੀਪ ਸਿੰਘ ਜੀ ਦੁਆਰਾ ਸ. ਕੰਵਰ ਰਣਦੀਪ ਸਿੰਘ (ਡਾਇਟ ਇੰਚਾਰਜ) ਜੀ ਦੀ ਰਹਿਨੁਮਾਈ ਵਿੱਚ ਸਿਖਿਆਰਥੀਆਂ ਦੀਆਂ ਕਵਿਤਾਵਾਂ ਦੀ ਕਿਤਾਬ ਪ੍ਰਿੰਟ ਕਰਵਾਈ ਗਈ। ਸਾਰੇ ਸਿਖਿਆਰਥੀਆਂ ਨੂੰ ਹੌਂਸਲਾ ਅਫ਼ਜਾਈ ਲਈ ਸਰਟੀਫਿਕੇਟ ਵੀ ਵੰਡੇ ਗਏ। ਗਤੀਵਿਧੀ ਆਪਣੇ ਮੁੱਖ ਮੰਤਵ ਨੂੰ ਪੂਰਾ ਕਰਦੇ ਹੋਏ ਸੰਪੂਰਨ ਹੋ ਗਈ।



ਸੈਸ਼ਨ 2023-25 ਦੇ ਸਿੱਖਿਆਰਥੀਆਂ ਦੀ ਸਵੈ ਲਿਖਤ ਕਵਿਤਾਵਾਂ ਦੀ ਕਿਤਾਬ 'ਮੇਰੀ ਕਲਮ ਮੇਰੀ ਦਾਸਤਾਨ' ਪ੍ਰਿੰਸੀਪਲ ਸ੍ਰੀ ਪ੍ਰਦੀਪ ਕੁਮਾਰ ਸ਼ਰਮਾ ਜੀ ਰਿਲੀਜ਼ ਕਰਦੇ ਹੋਏ




ਸਿਖਿਆਰਥੀਆਂ ਦੀ ਕਿਤਾਬ 'ਮੇਰੀ ਕਲਮ ਮੇਰੀ ਦਾਸਤਾਨ'

# ਸਰਟੀਫਿਕੇਟ ਵੰਡ ਸਮਾਰੋਹ

ਅੱਜ ਮਿਤੀ 1 ਜੁਲਾਈ 2025 ਨੂੰ ਪ੍ਰਿੰਸੀਪਲ-ਕਮ-ਡੀ ਡੀ ਓ ਡਾ. ਪ੍ਰਦੀਪ ਕੁਮਾਰ ਸ਼ਰਮਾ ਜੀ ਵੱਲੋਂ ਸਮੂਹ ਡਾਇਟ ਅਧਿਆਪਕਾਂ ਸਮੇਤ ਡੀ.ਐਲ.ਐਡ ਸੈਸ਼ਨ 2023-25 ਦੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਅਤੇ ਟਰਾਫੀਆਂ ਵੰਡੀਆਂ ਗਈਆਂ। ਇੱਥੇ ਜ਼ਿਕਰਯੋਗ ਹੈ ਕਿ ਡਾਇਟ ਫੈਕਲਟੀ ਮੈਂਬਰ ਸ. ਗੁਰਪ੍ਰੀਤ ਸਿੰਘ ਜੀ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਸਿੱਖਿਆਰਥੀਆਂ ਨੂੰ ਟੈੱਟ ਦੀ ਤਿਆਰੀ ਕਰਵਾਈ ਜਾ ਰਹੀ ਸੀ। ਇਸ ਵਿੱਚ ਸ. ਗੁਰਪ੍ਰੀਤ ਸਿੰਘ ਜੀ ਦੁਆਰਾ ਸਿਖਿਆਰਥੀਆਂ ਨੂੰ ਐਮ.ਸੀ.ਕਿਊ ਮੈਰਾਥਨ ਜੂਨ 2025 ਅਧੀਨ ਅੰਗਰੇਜ਼ੀ, ਪੰਜਾਬੀ, ਹਿੰਦੀ, ਜੀ.ਕੇ. ਵਰਲਡ, ਜੀ.ਕੇ. ਇੰਡੀਆ, ਸੀ.ਡੀ.ਪੀ, ਜੋਗਰਾਫੀ, ਕਰੰਟ ਅਫੇਅਰਸ, ਜਨਰਲ ਸਾਇੰਸ ਅਤੇ ਇੰਡੀਅਨ ਇਕੋਨਮੀ ਸਮੇਤ ਕੁੱਲ 10 ਵਿਸ਼ਿਆਂ ਦੇ ਪੇਪਰ ਓ.ਐਮ.ਆਰ ਸ਼ੀਟਾਂ ਤੇ ਲਏ ਗਏ। ਜਿਸ ਵਿੱਚ ਸਿਖਿਆਰਥੀ ਅਮਿਤਾ, ਮਨਜੋਤ ਕੌਰ, ਏਕਪ੍ਰੀਤ, ਸੰਦੀਪ ਕੌਰ, ਨਛੱਤਰ ਸਿੰਘ ਨੇ ਤੀਸਰਾ ਸਥਾਨ ਮਨਜੀਤ ਕੌਰ ,ਪੂਜਾ ਰਾਣੀ, ਲਵਪ੍ਰੀਤ ਕੌਰ ਅਤੇ ਸਿਮਰਨਜੀਤ ਕੌਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਪਾਇਲ ਜੈਨ ਨੇ ਸਭ ਤੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਸ਼੍ਰੀ ਪ੍ਰਦੀਪ ਕੁਮਾਰ ਸ਼ਰਮਾ ਜੀ ਅਤੇ ਸਮੂਹ ਸਟਾਫ ਨੇ ਸਿਖਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।




ਡਾਇਟ ਫੈਕਲਟੀ ਮੈਂਬਰ ਸਿਖਿਆਰਥੀਆਂ ਨੂੰ ਟੈੱਟ ਦੀ ਤਿਆਰੀ ਕਰਵਾਉਂਦੇ ਹੋਏ ਅਤੇ ਭਾਗ ਲੈਂਦੇ ਹੋਏ ਸਿਖਿਆਰਥੀ



ਪ੍ਰਿੰਸੀਪਲ ਸ਼੍ਰੀ ਪ੍ਰਦੀਪ ਕੁਮਾਰ ਸ਼ਰਮਾ ਜੀ ਅਤੇ ਡਾਇਟ ਫੈਕਲਟੀ ਮੈਂਬਰ ਸਿਖਿਆਰਥੀਆਂ ਨੂੰ ਟੈਟ ਦੀ ਤਿਆਰੀ ਤੋਂ ਬਾਅਦ ਲਈ ਗਈ ਪ੍ਰੀਖਿਆ ਵਿੱਚ ਪਜੀਸ਼ਨ ਹੋਲਡਰਾਂ ਨੂੰ ਇਨਾਮ ਦਿੰਦੇ ਹੋਏ

# ਆਰਟ ਅਤੇ ਕ੍ਰਾਫਟ ਪ੍ਰਦਰਸ਼ਨੀ

ਅੱਜ ਮਿਤੀ 7 ਜੁਲਾਈ 2025 ਨੂੰ ਡਾਇਟ ਜਗਰਾਉਂ ਵਿਖੇ ਸਮੂਹ ਡਾਇਟ ਫੈਕਲਟੀ ਅਤੇ ਸਿਖਿਆਰਥੀਆਂ ਦੇ ਸਹਿਯੋਗ ਨਾਲ ਡਾਇਟ ਇੰਚਾਰਜ ਸ. ਕੰਵਰ ਰਣਦੀਪ ਸਿੰਘ ਜੀ ਦੀ ਅਗਵਾਈ ਹੇਠ ਆਰਟ ਅਤੇ ਕਰਾਫਟ ਪ੍ਰਦਰਸ਼ਨੀ ਲਗਾਈ ਗਈ। ਇਸ ਪ੍ਰਦਰਸ਼ਨੀ ਵਿੱਚ ਸਿਖਿਆਰਥੀਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਚਾਰਟ ਬਣਾਏ ਅਤੇ ਕਰਾਫਟ ਪ੍ਰਦਰਸ਼ਨੀ ਵਿੱਚ ਸਿਖਿਆਰਥੀਆਂ ਨੇ ਵੇਸਟ ਸਮਾਨ ਤੋਂ ਆਪਣੇ ਹੁਨਰ ਦੀ ਵਰਤੋਂ ਕਰਦੇ ਵੱਖ-ਵੱਖ ਤਰ੍ਹਾਂ ਦੇ ਮਾਡਲ ਬਣਾਏ। ਇਸ ਆਰਟ ਅਤੇ ਕ੍ਰਾਫਟ ਪ੍ਰਦਰਸ਼ਨੀ ਵਿੱਚ ਜੱਜ ਦੀ ਭੂਮਿਕਾ ਡਾਇਟ ਫੈਕਲਟੀ ਮੈਂਬਰ ਲੈਕਚਰਾਰ ਸ਼੍ਰੀਮਤੀ ਪਰਮਜੀਤ ਕੌਰ, ਸ. ਗੁਰਪ੍ਰੀਤ ਸਿੰਘ, ਸ. ਅਮਨਦੀਪ ਸਿੰਘ , ਸ਼੍ਰੀ ਰਾਜਨ ਬਾਂਸਲ ਅਤੇ ਸ਼੍ਰੀਮਤੀ ਸੁਖਵਿੰਦਰ ਕੌਰ ਨੇ ਨਿਭਾਈ। ਆਰਟ ਤੇ ਕ੍ਰਾਫਟ ਦੋਵਾਂ ਪ੍ਰਦਰਸ਼ਨੀਆਂ ਵਿੱਚੋਂ ਪਹਿਲੀ ਦੂਜੀ ਅਤੇ ਤੀਜੀ ਪੁਜੀਸ਼ਨ ਵੱਖੋ- ਵੱਖਰੇ ਤੌਰ 'ਤੇ ਕੱਢੀ ਗਈ। ਇਸ ਤੋਂ ਬਿਨਾਂ ਪੰਜ ਹੌਂਸਲਾ ਅਫ਼ਜਾਈ ਲਈ ਵੱਖਰੇ ਤੌਰ 'ਤੇ ਪੁਜ਼ੀਸ਼ਨਾਂ ਕੱਢੀਆਂ ਗਈਆਂ। ਸਾਰੇ ਪੁਜ਼ੀਸ਼ਨ ਹੋਲਡਰ ਅਤੇ ਭਾਗ ਲੈਣ ਵਾਲੇ ਸਿੱਖਿਆਰਥੀਆਂ ਨੂੰ ਮੈਡਲ, ਸਰਟੀਫਿਕੇਟ, ਗਿਫਟ ਅਤੇ ਪੈੱਨ ਵੰਡੇ ਗਏ। ਅੰਤ ਵਿੱਚ ਡਾਇਟ ਲੈਕਚਰਾਰ ਅਤੇ ਇੰਚਾਰਜ ਸ. ਕੰਵਰ ਰਣਦੀਪ ਸਿੰਘ ਜੀ ਨੇ ਇਸ ਪ੍ਰਦਰਸ਼ਨੀ ਦਾ ਪ੍ਰਬੰਧ ਕਰਨ ਵਾਲੇ ਡਾਇਟ ਫੈਕਲਟੀ ਮੈਂਬਰਾਂ ਸ. ਮਨੋਹਰ ਸਿੰਘ ਜੀ, ਸ਼੍ਰੀ ਵਿਨੇ ਕੁਮਾਰ ਅਤੇ ਸਮੂਹ ਸਿੱਖਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਅਜਿਹੇ ਹੋਰ ਪ੍ਰੋਗਰਾਮ ਕਰਵਾਉਣ ਲਈ ਹਰ ਸੰਭਵ ਸਹਿਯੋਗ ਦੇਣ ਦਾ ਵਾਅਦਾ ਕੀਤਾ। ਪ੍ਰੋਗਰਾਮ ਦੇ ਅੰਤ ਤੇ ਸਿਖਿਆਰਥੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।











ਜੱਜ ਸਾਹਿਬਾਨ ਆਰਟ ਐਂਡ ਕ੍ਰਾਫਟ ਪ੍ਰਦਰਸ਼ਨੀ ਦਾ ਨਿਰੀਖਣ ਕਰਦੇ ਹੋਏ






ਸਮੂਹ ਡਾਇਟ ਫੈਕਲਟੀ ਮੈਂਬਰ ਆਰਟ ਐਂਡ ਕਰਾਫਟ ਦੇ ਵਿਜੇਤਾਵਾਂ ਨੂੰ ਇਨਾਮ ਦਿੰਦੇ ਹੋਏ

ਮਿਤੀ 07 ਜੁਲਾਈ 2025 ਨੂੰ ਡਾਇਟ ਜਗਰਾਉਂ ਵਿਖੇ ਪੜ੍ਹ ਰਹੇ ਸਿਖਿਆਰਥੀਆਂ ਦੇ ਬਹੁਪੱਖੀ ਵਿਕਾਸ ਦੀ ਜਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਡਾਇਟ ਫੈਕਲਟੀ ਵੱਲੋਂ naandi ਫਾਊਂਡੇਸ਼ਨ ਤੱਕ ਪਹੁੰਚ ਕੀਤੀ ਗਈ। Naandi ਫਾਊਂਡੇਸ਼ਨ ਵੱਲੋਂ ਡਾਇਟ ਫੈਕਲਟੀ ਦੀ ਬੇਨਤੀ ਨੂੰ ਮੰਨਦੇ ਹੋਏ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਡਾਇਟ ਵਿਖੇ 07 ਦਿਨ (40 ਘੰਟੇ)ਦੀ ਟ੍ਰੇਨਿੰਗ ਲਗਾਉਣ ਦਾ ਪ੍ਰਬੰਧ ਕੀਤਾ ਗਿਆ। Naandi ਫਾਊਂਡੇਸ਼ਨ ਵੱਲੋਂ ਮੈਡਮ ਸਵੇਤਾ ਅਰੋੜਾ ਜੀ ਨੇ ਵਿਦਿਆਰਥੀਆਂ ਨੂੰ ਬਹੁਤ ਵਧੀਆ ਤਰੀਕੇ ਨਾਲ ਟ੍ਰੇਨਿੰਗ ਦਿੱਤੀ। ਟ੍ਰੇਨਿੰਗ ਦੇ ਅੰਤ ਤੇ ਡਾਇਟ ਇੰਚਾਰਜ ਸਰਦਾਰ ਕਵਰ ਰਣਦੀਪ ਸਿੰਘ ਜੀ ਅਤੇ ਸਰਦਾਰ ਅਮਨਦੀਪ ਸਿੰਘ ਜੀ ਵੱਲੋਂ ਮੈਡਮ ਸ਼ਵੇਤਾ ਅਰੋੜਾ ਜੀ ਦਾ ਧੰਨਵਾਦ ਕੀਤਾ ਗਿਆ। ਸੈਸ਼ਨ 2023-25 ਦੇ ਸਿਖਿਆਰਥੀਆਂ ਨੇ ਇਸ ਐਕਟੀਵਿਟੀ ਦਾ ਭਰਪੂਰ ਅਨੰਦ ਮਾਣਿਆ।






ਟ੍ਰੇਨਿੰਗ ਵਿੱਚ ਭਾਗ ਲੈਂਦੇ ਹੋਏ ਵਿਦਿਆਰਥੀ




ਮੈਡਮ ਸ਼ਵੇਤਾ ਅਰੋੜਾ ਜੀ ਟ੍ਰੇਨਿੰਗ ਦਿੰਦੇ ਹੋਏ




Naandi ਫਾਊਂਡੇਸ਼ਨ ਵੱਲੋਂ ਲਗਾਈ ਗਏ ਸੈਮੀਨਾਰ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀ ਇਨਾਮ ਪ੍ਰਾਪਤ ਕਰਦੇ ਹੋਏ।



ਇੰਚਾਰਜ ਸਰਦਾਰ ਕੰਵਰ ਰਣਦੀਪ ਸਿੰਘ ਜੀ ਅਤੇ ਸਟਾਫ ਮੈਂਬਰ ਮੈਡਮ ਸ਼ਵੇਤਾ ਅਰੋੜਾ ਜੀ ਨੂੰ ਸਨਮਾਨਿਤ ਕਰਦੇ ਹੋਏ।

# ਵਿਸ਼ਵ ਆਬਾਦੀ ਦਿਵਸ

11 ਜੁਲਾਈ 2025 ਨੂੰ ਡਾਇਟ ਜਗਰਾਉਂ ਵਿਖੇ ਡਾਇਟ ਇੰਚਾਰਜ ਸਰਦਾਰ ਕੰਵਰ ਰਣਦੀਪ ਸਿੰਘ ਜੀ ਦੀ ਰਹਿਨੁਮਾਈ ਹੇਠ ਡਾਇਟ ਫੈਕਲਟੀ ਮੈਂਬਰਾਂ ਅਤੇ ਸਮੂਹ ਸਿਖਿਆਰਥੀਆਂ ਵੱਲੋਂ ਵਿਸ਼ਵ ਆਬਾਦੀ ਦਿਵਸ ਮਨਾਇਆ ਗਿਆ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮੰਤਵ ਸਿੱਖਿਆਰਥੀਆਂ ਵਿੱਚ ਆਬਾਦੀ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਜਾਗਰੂਕਤਾ ਫੈਲਾਉਣਾ ,ਜਨਸੰਖਿਆ ਨਿਯੰਤਰਣ ਕਰਨ ਵਿੱਚ ਆਪਣੀ ਭੂਮਿਕਾ ਬਾਰੇ ਜਾਗਰੂਕਤਾ ਫੈਲਾਉਣਾ ਹੈ। ਆਬਾਦੀ ਦਿਵਸ ਨੂੰ ਮਨਾਉਣ ਸਮੇਂ ਸਿਖਿਆਰਥੀਆਂ ਨੇ ਆਬਾਦੀ ਦਿਵਸ ਦੇ ਪਿਛੋਕੜ ਬਾਰੇ ਦੱਸਿਆ ਅਤੇ ਵੱਖ-ਵੱਖ ਕਵਿਤਾਵਾਂ ਤੇ ਲੇਖ ਪੇਸ਼ ਕੀਤੇ। ਡਾਇਟ ਫੈਕਲਟੀ ਮੈਂਬਰ ਅਤੇ ਡਾਇਟ ਇੰਚਾਰਜ ਕੰਵਰ ਰਣਦੀਪ ਸਿੰਘ ਜੀ ਵੱਲੋਂ ਸਿਖਿਆਰਥੀਆਂ ਨੂੰ ਵੱਧਦੀ ਆਬਾਦੀ ਦੇ ਭਿਆਨਕ ਨਤੀਜਿਆਂ ਅਤੇ ਇਸਨੂੰ ਘੱਟ ਕਰਨ ਦੇ ਤਰੀਕੇ ਬਾਰੇ ਜਾਗਰੂਕ ਕੀਤਾ ਗਿਆ। ਗਤੀਵਿਧੀ ਦੇ ਅੰਤ ਤੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।






ਵਿਸ਼ਵ ਆਬਾਦੀ ਦਿਵਸ ਮਨਾਉਂਦੇ ਹੋਏ ਡਾਇਟ ਫੈਕਲਟੀ ਮੈਂਬਰ ਅਤੇ ਸੈਸ਼ਨ 2023 -25 ਦੇ ਸਿਖਿਆਰਥੀ।

# ਸੱਭਿਆਚਾਰਕ ਮੇਲਾ

ਮਿਤੀ 28 ਜੁਲਾਈ 2025 ਨੂੰ ਪ੍ਰੋਗਰਾਮ ਐਂਡ ਐਕਟੀਵਿਟੀ ਇੰਨਕਲੂਡਿੰਗ ਫੈਕਲਟੀ ਡਿਵੈਲਪਮੈਂਟ ਆਫ ਟੀਚਰ ਐਜੂਕੇਸ਼ਨ ਸੰਬੰਧੀ ਡਾਇਟ ਜਗਰਾਉਂ ਵਿਖੇ ਸੱਭਿਆਚਾਰਕ ਮੇਲਾ ਮਨਾਇਆ ਗਿਆ ਸੱਭਿਆਚਾਰਕ ਮੇਲੇ ਵਿੱਚ ਸਮੂਹ ਡਾਇਟ ਫੈਕਲਟੀ ਮੈਂਬਰ ਅਤੇ ਸਿਖਿਆਰਥੀਆਂ ਵੱਲੋਂ ਵੱਧ ਚੜ ਕੇ ਭਾਗ ਲਿਆ ਗਿਆ। ਸਿਖਿਆਰਥੀਆਂ ਦੁਆਰਾ ਬਹੁਤ ਹੀ ਸੋਹਣੇ ਤਰੀਕੇ ਨਾਲ ਡੈਕੋਰੇਸ਼ਨ ਕੀਤੀ ਗਈ। ਸੱਭਿਆਚਾਰਕ ਮੇਲੇ ਕੀ ਅਗਵਾਈ ਡਾਇਟ ਇੰਚਾਰਜ ਸਰਦਾਰ ਕੰਵਰ ਰਣਦੀਪ ਸਿੰਘ ਜੀ ਵੱਲੋਂ ਕੀਤੀ ਗਈ।ਮੇਲੇ ਵਿੱਚ ਡਾਇਟ ਦੀ ਹੋਣਹਾਰ ਵਿਦਿਆਰਥਣ ਜਸਵਿੰਦਰ ਕੌਰ ਅਤੇ ਅਮਿਤਾ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਸੱਭਿਆਚਾਰਕ ਮੇਲੇ ਵਿੱਚ ਸਿਖਿਆਰਥਣਾਂ ਨੇ ਗੀਤ, ਸੱਭਿਆਚਾਰਕ ਡਾਂਸ, ਗਰੁੱਪ ਡਾਂਸ, ਕੀਤਾ ਅਤੇ ਗੇਮਜ਼ ਵਿੱਚ ਭਾਗ ਲਿਆ। ਸੱਭਿਆਚਾਰਕ ਮੇਲੇ ਵਿੱਚ ਭਾਗ ਲੈਣ ਵਾਲੇ ਹਰ ਵਿਦਿਆਰਥੀ ਨੂੰ ਇਨਾਮ ਦਿੱਤਾ ਗਿਆ। ਗਤੀਵਿਧੀ ਦੇ ਅੰਤ ਤੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।




ਡਾਇਟ ਇੰਚਾਰਜ ਸਰਦਾਰ ਕੰਵਰ ਰਣਦੀਪ ਸਿੰਘ ਜੀ ਸੱਭਿਆਚਾਰਕ ਮੇਲੇ ਦੀ ਸ਼ੁਰੂਆਤ ਕਰਦੇ ਹੋਏ।




ਸੱਭਿਆਚਾਰਕ ਮੇਲੇ ਵਿੱਚ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਂਦੀਆਂ ਹੋਈਆਂ ਵਿਦਿਆਰਥਣਾਂ।




ਸੱਭਿਆਚਾਰਕ ਮੇਲੇ ਵਿੱਚ ਸੈਸ਼ਨ 2023-25 ਦੀਆਂ ਸਿਖਿਆਰਥਣਾਂ ਵੱਲੋਂ ਪੇਸ਼ ਕੀਤਾ ਗਿੱਧਾ।



ਡਾਇਟ ਫੈਕਲਟੀ ਮੈਂਬਰ ਸੱਭਿਆਚਾਰਕ ਮੇਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡਦੇ ਹੋਏ।




ਸੱਭਿਆਚਾਰਕ ਮੇਲੇ ਵਿੱਚ ਸੈਸ਼ਨ 2023-25 ਦੀਆਂ ਸਿਖਿਆਰਥਣਾਂ ਵੱਲੋਂ ਪੇਸ਼ ਕੀਤਾ ਗਿੱਧਾ।



# ਨਿਲਪ ਵਰਕਸ਼ਾਪ

ਮਿਤੀ 22 ਅਗਸਤ 2025 ਨੂੰ ਨਿਲਪ ਪ੍ਰੋਗਰਾਮ ਸਬੰਧੀ ਵਰਕਸ਼ਾਪ ਸ.ਸ.ਸ. ਸਕੂਲ P.A.U. ਲੁਧਿਆਣਾ ਵਿਖੇ ਲਗਾਈ ਗਈ। ਇਸ ਵਰਕਸ਼ਾਪ ਵਿੱਚ ਲੁਧਿਆਣਾ ਜ਼ਿਲ੍ਹਾ ਦੇ ਸਮੂਹ ਬੀ.ਐਨ.ਓ. ਸਾਹਿਬਾਨ , ਬੀ.ਪੀ.ਓ. ਸਾਹਿਬਾਨ ਅਤੇ ਸੀ.ਐਚ.ਟੀ. ਅਤੇ ਐਚ. ਟੀ. ਸਾਹਿਬਾਨ ਨੇ ਭਾਗ ਲਿਆ। ਇਸ ਵਰਕਸ਼ਾਪ ਵਿੱਚ ਜਿਲਾ ਸਿੱਖਿਆ ਅਫਸਰ, ਲੁਧਿਆਣਾ ਮੈਡਮ ਡਿੰਪਲ ਮਦਾਨ ਜੀ ਅਤੇ ਡਾਇਟ ਪ੍ਰਿੰਸੀਪਲ ਸ੍ਰੀ ਪ੍ਰਦੀਪ ਕੁਮਾਰ ਜੀ ਨੇ ਵੱਧ ਤੋਂ ਵੱਧ ਲਰਨਰ ਜੋੜਨ ਲਈ ਲਈ ਪ੍ਰੇਰਿਤ ਕੀਤਾ। ਵਰਕਸ਼ਾਪ ਵਿੱਚ ਨਿਲਪ ਨਾਲ ਸੰਬੰਧਿਤ ਸਮੱਗਰੀ ਵੰਡੀ ਗਈ ਅਤੇ ਵੱਖ-ਵੱਖ ਬਲਾਕਾਂ ਦੇ ਪਿਛਲੇ ਸੈਸ਼ਨ ਦੇ ਸਰਟੀਫਿਕੇਟਾਂ ਦੀ ਵੰਡ ਵੀ ਕੀਤੀ ਗਈ।






# ਐਕਸ਼ਨ ਰਿਸਰਚ ਸੈਮੀਨਾਰ

ਮਿਤੀ 15 ਸਤੰਬਰ 2025 ਨੂੰ ਐਕਸ਼ਨ ਰਿਸਰਚ ਤਹਿਤ ਡਾਇਟ ਇੰਚਾਰਜ ਕੰਵਰ ਰਣਦੀਪ ਸਿੰਘ ਜੀ ਅਤੇ ਡਾਇਟ ਫੈਕਲਟੀ ਮੈਂਬਰ ਅਮਨਦੀਪ ਸਿੰਘ ਵੱਲੋਂ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਦੇ ਪਹਿਲੇ ਬੈਚ ਦਾ ਸੈਮੀਨਾਰ ਲਗਾਇਆ ਗਿਆ। ਇਸ ਸੈਮੀਨਾਰ ਵਿੱਚ ਡਾ. ਪਰਗਟ ਸਿੰਘ ਗਰਚਾ (ਪ੍ਰਿੰਸੀਪਲ ਜੀ. ਐਚ. ਜੀ. ਖਾਲਸਾ ਕਾਲਜ ਆਫ ਐਜੂਕੇਸ਼ਨ ਸੁਧਾਰ) ਨੇ ਰਿਸੋਰਸ ਪਰਸਨ ਦੀ ਭੂਮਿਕਾ ਨਿਭਾਈ। ਇਸ ਸੈਮੀਨਾਰ ਵਿੱਚ ਅਧਿਆਪਕਾਂ ਨੂੰ ਐਕਸ਼ਨ ਰਿਸਰਚ ਬਾਰੇ ਜਾਣਕਾਰੀ ਦਿੱਤੀ ਗਈ। ਸੈਮੀਨਾਰ ਦੇ ਅੰਤ 'ਤੇ ਸਾਰਿਆਂ ਅਧਿਆਪਕਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।






# ਟੀ.ਐਲ. ਐਮ. ਵੰਡ ਸਮਾਰੋਹ

ਮਿਤੀ 23 ਸਤੰਬਰ 2025 ਨੂੰ ਪ੍ਰੋਗਰਾਮ ਅਤੇ ਐਕਟੀਵਿਟੀ ਤਹਿਤ TLM ਗਰਾਂਟ ਅਧੀਨ ਸੈਸ਼ਨ 2023 -25 ਸਾਲ ਦੂਜਾ ਦੇ ਸਿਖਿਆਰਥੀਆਂ ਨੂੰ ਟੀ. ਐਲ. ਐਮ ਕਿੱਟਾਂ ਦੀ ਵੰਡ ਕੀਤੀ ਗਈ । ਟੀ. ਐਲ. ਐਮ ਕਿੱਟਾਂ ਦੀ ਮਦਦ ਨਾਲ ਸਿਖਿਆਰਥੀਆਂ ਨੂੰ ਆਉਣ ਵਾਲੇ ਦਿਨਾਂ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਚਾਰਟ ਅਤੇ ਮਾਡਲ ਤਿਆਰ ਕਰਕੇ ਫੈਸਟ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਸਿਖਿਆਰਥੀਆਂ ਨੂੰ ਟੀ. ਐਲ. ਐਮ ਕਿੱਟਾਂ ਵੰਡਣ ਉਪਰੰਤ ਰਿਫਰੈਸ਼ਮੈਂਟ ਦਿੱਤੀ ਗਈ।






# ਐਕਸ਼ਨ ਰਿਸਰਚ ਸੈਮੀਨਾਰ

ਮਿਤੀ 24 ਸਤੰਬਰ 2025 ਨੂੰ ਐਕਸ਼ਨ ਰਿਸਰਚ ਤਹਿਤ ਡਾਇਟ ਇੰਚਾਰਜ ਕੰਵਰ ਰਣਦੀਪ ਸਿੰਘ ਜੀ ਅਤੇ ਡਾਇਟ ਫੈਕਲਟੀ ਮੈਂਬਰ ਅਮਨਦੀਪ ਸਿੰਘ ਵੱਲੋਂ ਵੱਖ ਵੱਖ ਸਕੂਲਾਂ ਦੇ ਅਧਿਆਪਕਾਂ ਦਾ ਦੂਜਾ ਸੈਮੀਨਾਰ ਲਗਾਇਆ ਗਿਆ। ਇਸ ਸੈਮੀਨਾਰ ਵਿੱਚ ਡਾਕਟਰ ਪਰਗਟ ਸਿੰਘ ਗਰਚਾ (ਪ੍ਰਿੰਸੀਪਲ ਜੀ. ਐਚ. ਜੀ. ਖਾਲਸਾ ਕਾਲਜ ਆਫ ਐਜੂਕੇਸ਼ਨ ਸੁਧਾਰ) ਨੇ ਰਿਸੋਰਸ ਪਰਸਨ ਦੀ ਭੂਮਿਕਾ ਨਿਭਾਈ। ਇਸ ਸੈਮੀਨਾਰ ਵਿੱਚ ਅਧਿਆਪਕਾਂ ਨੂੰ ਐਕਸ਼ਨ ਰਿਸਰਚ ਬਾਰੇ ਜਾਣਕਾਰੀ ਦਿੱਤੀ ਗਈ। ਸੈਮੀਨਾਰ ਦੇ ਅੰਤ ਤੇ ਸਾਰਿਆਂ ਅਧਿਆਪਕਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।





# T L M FEST(PUNJABI AND HINDI)

ਮਿਤੀ 30 ਸਤੰਬਰ 2025 ਨੂੰ ਡਾਇਟ ਜਗਰਾਉਂ ਵਿਖੇ ਡਾਇਟ ਪ੍ਰਿੰਸੀਪਲ ਸ੍ਰੀ ਪ੍ਰਦੀਪ ਕੁਮਾਰ ਜੀ ਦੀ ਅਗਵਾਈ ਹੇਠ ਪ੍ਰੋਗਰਾਮ ਐਂਡ ਐਕਟੀਵਿਟੀਜ ਅਧੀਨ ਪੰਜਾਬੀ ਅਤੇ ਹਿੰਦੀ ਵਿਸ਼ੇ ਦਾ ਟੀ. ਐਲ. ਐਮ ਕਰਵਾਇਆ ਗਿਆ। ਜਿਸ ਵਿੱਚ ਡੀ.ਐਲ.ਐਡ ਸਿਖਿਆਰਥੀਆਂ ਦੁਆਰਾ ਪੰਜਾਬੀ ਅਤੇ ਹਿੰਦੀ ਵਿਸ਼ੇ ਨਾਲ ਸੰਬੰਧਿਤ ਚਾਰਟ ਅਤੇ ਮਾਡਲ ਬਣਾਏ ਗਏ ਅਤੇ ਸੁੰਦਰ ਲਿਖਾਈ ਮੁਕਾਬਲਾ ਕਰਵਾਇਆ ਗਿਆ। ਡਾਇਟ ਪ੍ਰਿੰਸੀਪਲ ਅਤੇ ਸਮੂਹ ਡਾਇਟ ਫੈਕਲਟੀ ਵੱਲੋਂ ਇਸ ਸਮਾਰੋਹ ਵਿੱਚ ਭਾਗ ਲਿਆ ਗਿਆ। ਪ੍ਰਿੰਸੀਪਲ ਸ੍ਰੀ ਪ੍ਰਦੀਪ ਕੁਮਾਰ ਜੀ ਵੱਲੋਂ ਵਿਦਿਆਰਥੀਆਂ ਨੂੰ ਸਿੱਖਣ ਪ੍ਰਕਿਰਿਆ ਵਿੱਚ ਟੀ ਐਲ ਐਮ ਦੇ ਮਹੱਤਵ ਨੂੰ ਸਮਝਾਇਆ ਗਿਆ।ਇਸ ਮੁਕਾਬਲੇ ਵਿੱਚ ਹਰ ਇੱਕ ਵਿਸ਼ੇ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਸਿਖਿਆਰਥੀਆਂ ਨੂੰ ਇਨਾਮ ਵੰਡੇ ਗਏ ਅਤੇ ਰਿਫਰੈਸ਼ਮੈਂਟ ਦਿੱਤੀ ਗਈ।




ਟੀ. ਐਲ. ਐਮ. ਪ੍ਰਦਰਸ਼ਨੀ ਵਿੱਚ ਭਾਗ ਲੈਂਦੇ ਡਾਇਟ ਪ੍ਰਿੰਸੀਪਲ ਅਤੇ ਸਮੂਹ ਅਧਿਆਪਕ ਸਾਹਿਬਾਨ।




ਸੁੰਦਰ ਲਿਖਾਈ ਮੁਕਾਬਲੇ ਵਿੱਚ ਭਾਗ ਲੈਂਦੇ ਸੈਸ਼ਨ 2023 -25 ਦੇ ਸਿਖਿਆਰਥੀ



ਪ੍ਰਿੰਸੀਪਲ ਸ਼੍ਰੀ ਪ੍ਰਦੀਪ ਕੁਮਾਰ ਜੀ ਅਤੇ ਸਮੂਹ ਡਾਇਟ ਫੈਕਲਟੀ ਸੈਸ਼ਨ 2023 -25 ਦੇ ਸਿਖਿਆਰਥੀਆਂ ਨਾਲ ਗਰੁੱਪ ਫੋਟੋ ਖਿਚਵਾਉਂਦੇ ਹੋਏ।

# ਐਕਸ਼ਨ ਰਿਸਰਚ ਵਰਕਸ਼ਾਪ

ਅੱਜ ਮਿਤੀ 30 ਸਤੰਬਰ 2025 ਨੂੰ ਡਾਇਟ ਜਗਰਾਉਂ ਵਿਖੇ ਡਾਇਟ ਪ੍ਰਿੰਸੀਪਲ ਸ੍ਰੀ ਪ੍ਰਦੀਪ ਕੁਮਾਰ ਜੀ ਦੀ ਅਗਵਾਈ ਹੇਠ ਐਕਸ਼ਨ ਰਿਸਰਚ ਦੀ ਤੀਜੀ ਵਰਕਸ਼ਾਪ ਕਰਵਾਈ ਗਈ। ਜਿਸ ਵਿੱਚ ਲੁਧਿਆਣਾ ਜ਼ਿਲ੍ਹੇ ਦੇ ਵੱਖੋ ਵੱਖਰੇ ਸਕੂਲਾਂ ਦੇ ਅਧਿਆਪਕਾਂ ਦੁਆਰਾ ਹਿੱਸਾ ਲਿਆ ਗਿਆ। ਡਾਇਟ ਪ੍ਰਿੰਸੀਪਲ ਸ੍ਰੀ ਪ੍ਰਦੀਪ ਕੁਮਾਰ ਜੀ ਵੱਲੋਂ ਅਧਿਆਪਕਾਂ ਨੂੰ ਐਕਸ਼ਨ ਰਿਸਰਚ ਬਾਰੇ ਜਾਣਕਾਰੀ ਦਿੱਤੀ ਗਈ। ਇਸ ਐਕਸ਼ਨ ਰਿਸਰਚ ਵਰਕਸ਼ਾਪ ਵਿੱਚ ਸਾਰੇ ਅਧਿਆਪਕਾਂ ਤੋਂ ਪ੍ਰਪੋਜ਼ਲਾਂ ਲਈਆਂ ਗਈਆਂ। ਵਰਕਸ਼ਾਪ ਤੇ ਅੰਤ ਤੇ ਅਧਿਆਪਕਾਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।





ਐਕਸ਼ਨ ਰਿਸਰਚ ਵਰਕਸ਼ਾਪ ਵਿੱਚ ਭਾਗ ਲੈਂਦੇ ਹੋਏ ਅਧਿਆਪਕ ਸਾਹਿਬਾਨ।

# Supporting Staff



**Kanwar Randeep Singh**
Lecturer Biology



**Paramjeet Kaur**
Punjabi Lecturer



**Gurkirpal Singh**
Lecturer Chemistry



**Perbhat Kapoor**
Lecturer Maths



**Rajan Bansal**
Lecturer Commerce



**Manohar Singh**
Lecturer History



**Sunita Prabhakar**
English Mentor



**Sukhwinder Kaur**
Mentor Vocational



**Amandeep Singh**
Mentor Computer



**Gurpreet Kaur**
Mentor Hindi



**Gurpreet Singh**
Resource Person



**Vinay Kumar**
Resource Person



**Vinay Garg**
Clerk

ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਜਗਰਾਉਂ (ਲੁਧਿਆਣਾ)

ਸਿੱਖੋ ਤੇ ਸਿਖਾਓ

# ਸਮਾਰਟ ਡਾਈਟ

ਪਿਛਲੇ ਵਰ੍ਹਿਆਂ ਵਿੱਚ ਪੰਜਾਬ ਦੀ ਸਕੂਲੀ ਸਿੱਖਿਆ ਨੇ ਇਨਫਰਾ-ਸਟਰਕਚਰ ਦੀ ਪੱਧਰ ਉਤੇ ਬੇਹੱਦ ਸੁਧਾਰ ਕੀਤਾ ਹੈ। ਸਾਡੀ ਸੰਸਥਾ ਵੀ ਪਿਛਲੇ ਦਿਨਾਂ ਵਿੱਚ ਸਮਾਰਟ ਡਾਇਟ ਬਣਨ ਵੱਲ ਵਧੀ ਹੈ। ਇਸੇ ਮੰਤਵ ਨਾਲ ਡਾਇਟ ਦੀ ਬਾਹਰੀ ਦਿੱਖ ਸੁਧਾਰਨ ਦੇ ਨਾਲ - ਨਾਲ ਅੰਦਰੂਨੀ ਸਹੂਲਤਾਂ ਵਿੱਚ ਵੀ ਵਾਧਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਦਿੱਤੀਆਂ ਤਸਵੀਰਾਂ ਇਹ ਕਹਾਣੀ ਆਪ ਬਿਆਨ ਕਰਦੀਆਂ ਹਨ।
















Scanned with OKEN

# ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ

## ਜਗਰਾਉਂ (ਲੁਧਿਆਣਾ)